ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਗੋਲ਼ ਗੋਲ਼ ਗੋਲੂ



ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਗੋਲ਼ ਗੋਲ਼ ਗੋਲੂ

ਲੇਖਕ
ਜਗਦੀਸ਼ ਜੋਸ਼ੀ

ਪੰਜਾਬੀ ਅਨੁਵਾਦ
ਐੱਸ. ਵਕੀਲ

ਚਿੱਤਰ
ਜਗਦੀਸ਼ ਜੋਸ਼ੀ



ਜੀ ਹਾਂ, ਮੈਂ ਗੋਲ਼-ਗੋਲ਼ ਗੋਲੂ ਹਾਂ।

ਮੈਂ ਹਾਂ ਬੜਾ ਸੋਹਣਾ!

ਹਰ ਕੋਈ ਮੈਨੂੰ ਪਿਆਰ ਕਰਦਾ ਹੈ।

ਤੁਸੀਂ ਮੈਨੂੰ ਕਿਤੇ ਵੀ ਅਤੇ ਕਦੇ ਵੀ ਦੇਖ ਸਕਦੇ ਹੋ!



ਸੂਰਜ ਵੀ ਮੇਰੇ ਵਰਗਾ ਹੈ।


ਜਦੋਂ ਧੁੱਪ ਬਹੁਤ ਤੇਜ਼ ਹੁੰਦੀ ਹੈ,

ਤੁਹਾਨੂੰ ਛਤਰੀ ਦੀ ਯਾਦ ਆਉਂਦੀ ਹੈ।

ਛਤਰੀ ਕਿਹੋ ਜਿਹੀ ਹੁੰਦੀ ਹੈ? ਅੱਧੀ ਗੋਲ਼!



ਰਾਤ ਨੂੰ ਕਾਲ਼ੇ ਅਸਮਾਨ ਵਿੱਚ
ਮੁਸਕਰਾਉਂਦਾ ਚੰਦ ਮੇਰਾ ਰੂਪ ਹੈ।
ਦਰੱਖ਼ਤ 'ਤੇ ਬੈਠੇ ਉੱਲੂ ਦੀਆਂ
ਚਮਕੀਲੀਆਂ ਅੱਖਾਂ ਵੀ ਮੇਰੇ ਵਰਗੀਆਂ ਹਨ।




ਮੈਨੂੰ ਫ਼ਲਾਂ ਨੇ ਆਪਣਾ ਦੋਸਤ ਬਣਾਇਆ।
ਤਰਬੂਜ਼, ਸੇਬ, ਸੰਤਰੇ, ਟਮਾਟਰ ਅਤੇ
ਛੋਟਾ ਜਿਹਾ ਨਿੰਬੂ, ਸਭ ਦੇ ਸਭ ਮੇਰੇ ਵਰਗੇ ਹਨ।
ਮਿੱਠੀਆਂ-ਮਿੱਠੀਆਂ ਮਠਿਆਈਆਂ - ਰਸਗੁੱਲਾ, ਗੁਲਾਬ ਜਾਮਣ, ਲੱਡੂ, ਜਲੇਬੀ
ਮੇਰੇ ਵਰਗੇ ਦਿਸਦੇ ਹਨ।




ਚੀਤਾ, ਹਿਰਨ, ਕਈ ਤਰ੍ਹਾਂ ਦੀਆਂ ਤਿਤਲੀਆਂ ਅਤੇ
ਕੀੜਿਆਂ ਨੂੰ ਮੈਂ ਸਜਾਇਆ ਹੈ।



ਖੇਡ ਦੇ ਮੈਦਾਨ ਵਿੱਚ ਵੀ ਮੈਂ ਤੁਹਾਨੂੰ ਮਿਲਾਂਗਾ।
ਗੇਂਦ ਨੂੰ ਤੁਸੀਂ ਦੌੜ ਕੇ ਫੜ ਸਕਦੇ ਹੋ, ਜ਼ੋਰ ਨਾਲ਼ ਦੂਰ ਸੁੱਟਦੇ ਹੋ।
ਪਰ ਮੈਨੂੰ ਬੁਰਾ ਨਹੀਂ ਲੱਗਦਾ। ਖੇਡ ਤਾਂ ਖੇਡ ਹੈ।
ਇੱਥੇ ਸਭ ਖੁਸ਼ ਹਨ ਅਤੇ ਮੈਨੂੰ ਵੀ ਬਹੁਤ ਖੁਸ਼ੀ ਹੁੰਦੀ ਹੈ।



ਤਰ੍ਹਾਂ-ਤਰ੍ਹਾਂ ਦੇ ਵਾਹਨ
ਮੇਰੇ ਬਿਨਾਂ ਚੱਲ ਨਹੀਂ ਸਕਦੇ।
ਸਭ ਨੂੰ ਮੇਰੀ ਜ਼ਰੂਰਤ ਹੈ।



ਪਰ ਇੱਕ ਜਗ੍ਹਾ ਹੈ, ਜਿੱਥੇ ਤੁਸੀਂ ਮੈਨੂੰ ਦੇਖ ਕੇ ਖੁਸ਼ ਨਹੀਂ ਹੁੰਦੇ।
ਰਿਪੋਰਟ ਕਾਰਡ 'ਤੇ ਮੈਂ ਦਿਖਾਂ ਤਾਂ ਤੁਸੀਂ ਦੁਖੀ ਹੋ ਜਾਂਦੇ ਹੋ।
ਦੋਸਤੋ, ਮੈਨੂੰ ਦੁੱਖ ਹੈ, ਪਰ ਮੈਂ ਕੀ ਕਰ ਸਕਦਾ ਹਾਂ।
ਇਸ ਦੇ ਲਈ ਤੁਹਾਨੂੰ ਹੀ ਮਿਹਨਤ ਕਰਨੀ ਪਵੇਗੀ।

ਗੋਲੂ ਇਸ ਦੁਨੀਆਂ ਦੇ ਗੋਲ਼ ਨਜ਼ਾਰੇ ਦਿਖਾਉਂਦਾ ਹੈ। ਬੱਚੇ ਇਸ ਨੂੰ ਖੇਡ ਵੀ ਸਕਦੇ ਹਨ। ਆਸ-ਪਾਸ ਕਿੰਨੇ ਗੋਲ਼ ਨਜ਼ਰ ਆ ਰਹੇ ਹਨ। ਬਸ ਵਾਰੀ-ਵਾਰੀ ਗੋਲ਼ੇ ਲੱਭੋ ਅਤੇ ਇਹਨਾਂ ਦੀ ਗਿਣਤੀ ਕਰੋ।

***Gol Gol Goloo*** (Punjabi), adaptation of translation by S. Waqeel, text and illustrations adapted from original story ***Goloo the Circle*** (English), written and illustrated by Jagadish Joshi, published by Pratham Books (© Pratham Books, 2006) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS
storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ